# ਲੇਖ ਸੰਬੰਧੀ ਪਾਠ ਯੋਜਨਾ

ਵਿਸ਼ਾ : ਪ੍ਰਦੂਸ਼ਣ ਜਮਾਤ : ਨੌਵੀਂ

**ਸਿੱਖਣ ਦੇ ਪ੍ਰਤੀਫਲ** :

ਵਿਦਿਆਰਥੀ ਵਾਤਾਵਰਣ ਵਿਚੋਂ ਵਧਦੇ ਹੋਏ ਪ੍ਰਦੂਸ਼ਣ ਪ੍ਰਤੀ ਜਾਗਰੁਕ ਹੋਣਗੇ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪ੍ਰਯਤਨਸ਼ੀਲ ਹੋਣਗੇ।

ਇਸ ਲੇਖ ਰਾਹੀਂ ਵਿਦਿਆਰਥੀ ਵਾਤਾਵਰਣ ਨੂੰ ਬਚਾਉਣ ਲਈ ਰੁੱਖ ਲਗਾਉਣ ਅਤੇ ਪਾਣੀ ਬਚਾਉਣ ਵਰਗੇ ਮਾਨਵ ਹਿਤੈਸ਼ੀ ਕਾਰਜ ਵਿੱਚ ਹਿੱਸਾ ਲੈਣਗੇ।

**ਸਿੱਖਣ ਦੇ ਉਦੇਸ਼** :

1. ਸਿਰਜਣਾਤਮਕਤਾ ਦਾ ਵਿਕਾਸ ਕਰਨਾ।
2. ਵਿਚਾਰਾਂ ਨੂੰ ਪੇਸ਼ ਕਰਨ ਲਈ ਪ੍ਰੇਰਿਤ ਕਰਨਾ।
3. ਮਿਲ-ਜੁਲ ਕੇ ਕੰਮ ਕਰਨ ਦੀ ਪ੍ਰਵਿਰਤੀ ਵਿਕਸਿਤ ਕਰਨ।
4. ਵਾਤਾਵਰਣ ਪ੍ਰਤੀ ਜਾਗਰੁਕ ਕਰਨਾ।

**ਲੋੜੀਂਦੀ ਸਮੱਗਰੀ** :

ਅਧਿਆਪਕ ਵਿਦਿਆਰਥੀਆਂ ਨੂੰ ਅਖ਼ਬਾਰਾਂ ਵਿੱਚ ਆਏ ਹੋਏ ਵਾਤਾਵਰਣ ਨਾਲ ਸੰਬੰਧਿਤ ਲੇਖਾਂ ਅਤੇ ਖ਼ਬਰਾਂ ਬਾਰੇ ਜਾਣਕਾਰੀ ਦੇਵੇਗਾ ਅਤੇ ਹਿਦਾਇਤ ਦੇਵੇਗਾ ਕਿ ਵਿਦਿਆਰਥੀ ਅਖ਼ਬਾਰਾਂ ਅਤੇ ਰਸਾਲਿਆਂ, ਵੈਬਸਾਈਟਾਂ ਤੋਂ ਸਮੱਗਰੀ ਇੱਕਤਰ ਕਰ ਸਕਦੇ ਹਨ। ਵਿਦਿਆਰਥੀ ਆਪਣੇ ਆਲੇ-ਦੁਆਲੇ ਦੇ ਪ੍ਰਦੂਸ਼ਿਤ ਵਾਤਾਵਰਣ ਨੂੰ ਦੇਖਦੇ ਹੋਏ, ਕਾਲਪਨਿਕ ਤੱਥ ਅਤੇ ਵਿਚਾਰ ਵੀ ਸਿਰਜ ਸਕਦੇ ਹਨ।

**ਅਨੁਮਾਨਿਤ ਪੂਰਵ ਗਿਆਨ :**

ਅਧਿਆਪਕ ਵਿਦਿਆਰਥੀਆਂ ਨੂੰ ਕੁਝ ਪ੍ਰਸ਼ਨ ਪੁੱਛ ਕੇ ਪੂਰਵ ਗਿਆਨ ਦੀ ਪਰਖ ਕਰੇਗਾ। ਜਿਵੇਂ ਤੁਸੀਂ ਪ੍ਰਦੂਸ਼ਣ ਬਾਰੇ ਕੀ ਜਾਣਦੇ ਹੋ? ਕੀ ਤੁਸੀਂ ਆਪਣੇ ਦੁਆਲੇ ਵਿੱਚ ਕਿਤੇ ਕੂੜੇ ਦੇ ਢੇਰ ਵੇਖੇ ਹਨ? ਵਾਤਾਵਰਣ ਵਿੱਚ ਪ੍ਰਦੂਸ਼ਣ ਕਿੰਨੇ ਪ੍ਰਕਾਰ ਦਾ ਹੁੰਦਾ ਹੈ।

**ਪੇਸ਼ਕਾਰੀ :**

| **ਸਿੱਖਣ ਪ੍ਰਕਿਰਿਆ ਅਤੇ ਰਣਨੀਤੀ** | **ਜਮਾਤ ਵਿਚਲੀ ਗਤੀਵਿਧੀ** | **ਸਿੱਖਣ ਦੇ ਨਤੀਜੇ** |
|---|---|---|
| ➢ ਇਹ ਕਾਰਜ ਸਮੂਹ ਵਿੱਚ ਕੀਤਾ ਜਾਵੇਗਾ।<br>➢ ਅਧਿਆਪਕ ਵਿਦਿਆਰਥੀਆਂ ਨੂੰ ਛੇ ਸਮੂਹਾਂ ਵਿੱਚ ਵੰਡ ਦੇਵੇਗਾ।<br>➢ ਅਧਿਆਪਕ ਲੇਖ ਨੂੰ ਕੁਝ ਨੁਕਤਿਆਂ ਵਿੱਚ ਵੰਡ ਦੇਵੇਗਾ। ਹਰ ਸਮੂਹ ਨੂੰ ਇਨ੍ਹਾਂ ਵਿਚੋਂ ਇੱਕ ਵਿਸ਼ਾ ਜਾਂ ਨੁਕਤਾ ਦੇਵੇਗਾ ਅਤੇ ਸਮੂਹ ਚਰਚਾ ਤੇ ਲਿਖਣ ਲਈ 20 ਮਿੰਟ ਦਾ ਸਮਾਂ | ➢ ਅਧਿਆਪਕ ਬਲੈਕ ਬੋਰਡ ਤੇ ਲੇਖ ਦੇ ਕੁਝ ਨੁਕਤੇ ਲਿਖ ਦੇਵੇਗਾ। ਜਿਵੇਂ ਭੂਮਿਕਾ, ਵੱਧਦਾ ਹੋਇਆ ਪ੍ਰਦੂਸ਼ਣ ਅਤੇ ਪ੍ਰਦੂਸ਼ਣ ਦੇ ਪ੍ਰਕਾਰ, ਬਚਾਅ ਦੇ ਕਾਰਜ, ਆਮ ਨਾਗਰਿਕ ਦਾ ਫਰਜ ਅਤੇ ਸਰਕਾਰ ਦਾ ਯੋਗਦਾਨ<br>➢ 20 ਮਿੰਟ ਬਾਅਦ ਆਪਣੇ-ਆਪਣੇ ਸਮੂਹ ਵਿਚੋਂ ਇੱਕ-ਇੱਕ ਵਿਦਿਆਰਥੀ ਲੇਖ ਦੇ | ➢ ਵਿਦਿਆਰਥੀ ਪ੍ਰਦੂਸ਼ਣ ਦੇ ਵਿਨਾਸ਼ਕਾਰੀ ਨਤੀਜਿਆਂ ਪ੍ਰਤੀ ਸੁਚੇਤ ਹੋ ਜਾਣਗੇ ਅਤੇ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਾਰਥਕ ਸਹਿਯੋਗ ਦੇਣ ਲਈ ਪ੍ਰੇਰਿਤ ਹੋਣਗੇ। ਪਰੀਖਿਆ ਦੇ ਉਦੇਸ਼ ਤੋਂ ਵੀ ਵਿਚਾਰ ਵਟਾਂਦਰੇ ਰਾਹੀਂ ਪ੍ਰਦੂਸ਼ਣ ਵਿਸ਼ੇ ਤੇ ਲੇਖ ਲਿਖਣ ਦੇ ਵਿਹਾਰਕ/ਨਿੱਜੀ ਅਨੁਭਵ ਨੂੰ ਗ੍ਰਹਿਣ ਕਰ ਸਕਣ |

| | | |
|---|---|---|
| ਦੇਵੇਗਾ।<br>➢ ਅਧਿਆਪਕ ਨਿਰੀਖਣ ਕਰੇਗਾ ਕਿ ਸਾਰੇ ਸਮੂਹਾਂ ਦੇ ਸਾਰੇ ਵਿਦਿਆਰਥੀ ਹਿੱਸਾ ਲੈਣ ਅਤੇ ਅਨੁਸ਼ਾਸਨ ਬਣਾਈ ਰੱਖਣ। | ਨੁਕਤਿਆਂ ਨੂੰ ਕ੍ਰਮ ਅਨੁਸਾਰ ਪੜ੍ਹਕੇ ਸੁਣਾਏਗਾ। | ਦੇ ਯੋਗ ਹੋਣਗੇ। |

**ਸੰਖੇਪ ਦੁਹਰਾਈ** :

- ➢ ਵਿਦਿਆਰਥੀਆਂ ਨੂੰ ਆਪਣੇ ਜਨਮ ਦਿਨ ਉੱਤੇ ਇੱਕ ਰੁੱਖ ਲਗਾਉਣਾ ਚਾਹੀਦਾ ਹੈ ਅਤੇ ਰੋਜ਼ਾਨਾ ਜੀਵਨ ਵਿੱਚ ਪਾਣੀ ਵਰਗੇ ਕੀਮਤੀ ਸ੍ਰੋਤ ਨੂੰ ਸਾਂਭਣ ਅਤੇ ਇਸਦੀ ਦੁਰਵਰਤੋਂ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪ੍ਰਦੂਸ਼ਣ ਤੋਂ ਬਚਾਅ ਹੋ ਸਕੇ ਅਤੇ ਵਾਤਾਵਰਣ ਨੂੰ ਬਚਾਇਆ ਜਾ ਸਕੇ। ਪਰੀਖਿਆ ਉਦੇਸ਼ ਹਿੱਤ ਇਸ ਤਰ੍ਹਾਂ ਦੇ ਵਿਸ਼ਿਆਂ ਤੇ ਲੇਖ ਲਿਖਣ ਅਤੇ ਸਮੱਗਰੀ ਜੁਟਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

**ਘਰ ਦਾ ਕੰਮ** :

1. ਵਾਤਾਵਰਣ ਨਾਲ ਸੰਬੰਧੀ ਇੱਕ ਸੁੰਦਰ ਚਿੱਤਰ ਜਾਂ ਚਾਰਟ ਬਣਾਓ।
2. ਲੇਖ ਦੇ ਸਾਰੇ ਨੁਕਤਿਆਂ ਨੂੰ ਤਰਤੀਬਵਾਰ ਸੰਗਠਿਤ ਕਰਕੇ ਲਿਖਤੀ ਰੂਪ ਵਿੱਚ ਪੇਸ਼ ਕਰੋ।
3. ਵਾਤਾਵਰਣ ਦੀ ਸਾਂਭ ਸੰਭਾਲ ਲਈ ਅੱਜ ਤੋਂ ਹੀ ਯਤਨ ਆਰੰਭ ਕਰੋ।

# ਅਣਡਿੱਠਾ ਪੈਰ੍ਹਾ ਸਬੰਧੀ ਪਾਠ ਯੋਜਨਾ

ਵਿਸ਼ਾ : ਅਣਡਿੱਠਾ ਪੈਰ੍ਹਾ ਜਮਾਤ : ਦਸਵੀਂ

**ਸਿੱਖਣ ਦੇ ਪ੍ਰਤੀਫਲ** :

1. ਵਿਦਿਆਰਥੀਆਂ ਦੇ ਵਾਚਨ ਕੌਸ਼ਲ ਵਿਚ ਸੁਧਾਰ ਹੋਵੇਗਾ।
2. ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਵਿਦਿਆਰਥੀਆਂ ਦੀ ਅਰਥ ਗ੍ਰਹਿਣ ਸਮਰੱਥਾ ਵਿਚ ਵਾਧਾ ਹੋਵੇਗਾ ।
3. ਵਿਦਿਆਰਥੀ ਅਣਡਿੱਠੇ ਪੈਰ੍ਹੇ ਨੂੰ ਹੱਲ ਕਰਨ ਦੇ ਜ਼ਰੂਰੀ ਨੁਕਤੇ ਸਿੱਖਣਗੇ।
4. ਵਿਦਿਆਰਥੀਆਂ ਵਿਚ ਪ੍ਰਸ਼ਨ-ਅਧਾਰਿਤ ਉੱਤਰ ਦੇਣ ਦੇ ਕੌਸ਼ਲ ਵਿਚ ਵਾਧਾ ਹੋਵੇਗਾ।

**ਸਿੱਖਣ ਦੇ ਉਦੇਸ਼** :

1. ਵਿਦਿਆਰਥੀਆਂ ਦੀ ਪੜ੍ਹਨ ਯੋਗਤਾ/ਵਾਚਨ ਕੌਸ਼ਲ ਵਿਚ ਸੁਧਾਰ ਕਰਨਾ।
2. ਵਿਦਿਆਰਥੀਆਂ ਵਿਚ ਅਰਥ-ਗ੍ਰਹਿਣ ਕੁਸ਼ਲਤਾ ਵਿਚ ਵਾਧਾ ਕਰਨਾ।
3. ਪਾਠਗਤ ਵਿਚਾਰਾਂ ਨੂੰ ਸਮਝਣ ਲਈ ਸੂਝ-ਬੂਝ ਕੌਸ਼ਲ ਦਾ ਨਿਰਮਾਣ ਕਰਨਾ।
4. ਵਿਦਿਆਰਥੀਆਂ ਦਾ ਮਾਨਸਿਕ/ਦਿਮਾਗੀ ਵਿਕਾਸ ਕਰਨਾ।

**ਲੋੜੀਂਦੀ ਸਮੱਗਰੀ** :

ਚਾਕ, ਚਾਕ-ਬੋਰਡ, ਝਾੜਨ, ਸੰਕੇਤਕ, ਸਮਾਰਟ ਬੋਰਡ, ਡਿਜ਼ੀਟਲ ਬੋਰਡ, ਪੈਨ ਡਰਾਈਵ, ਵਿਸ਼ੇ ਨਾਲ ਸਬੰਧਿਤ ਪੁਸਤਕ ਆਦਿ।

**ਅਨੁਮਾਨਿਤ ਪੂਰਵ ਗਿਆਨ** :

ਅਧਿਆਪਕ ਵਿਦਿਆਰਥੀਆਂ ਨੂੰ ਵਿਸ਼ੇ ਸਬੰਧੀ ਪ੍ਰਸ਼ਨ ਪੁੱਛ ਕੇ ਪੂਰਵ-ਗਿਆਨ ਦੀ ਪਰਖ ਕਰੇਗਾ।

1. ਅਣਡਿੱਠਾ ਸ਼ਬਦ ਤੋਂ ਕੀ ਭਾਵ ਹੈ?
2. ਕੀ ਤੁਸੀਂ ਅਣਡਿੱਠੇ ਪੈਰ੍ਹੇ ਵਿਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲੱਭ ਸਕਦੇ ਹੋ?
3. ਅਣਡਿੱਠੇ ਪੈਰ੍ਹੇ ਵਿਚੋਂ ਉੱਤਰ ਲੱਭਣ ਦਾ ਸਭ ਤੋਂ ਸਰਲ ਤੇ ਢੁੱਕਵਾਂ ਤਰੀਕਾ ਕੀ ਹੈ?

**ਪੇਸ਼ਕਾਰੀ** :

| **ਸਿੱਖਣ ਦੀ ਪ੍ਰਕਿਰਿਆ ਅਤੇ ਰਣਨੀਤੀ** | **ਜਮਾਤ ਵਿਚਲੀ ਗਤੀਵਿਧੀ** | **ਸਿੱਖਣ ਦੇ ਨਤੀਜੇ** |
|---|---|---|
| ➢ ਵਿਦਿਆਰਥੀਆਂ ਵਿਚ ਵਾਚਨ ਕੌਸ਼ਲ ਤੇ ਜ਼ੋਰ ਦਿੱਤਾ ਜਾਵੇਗਾ।<br>➢ ਵਿਦਿਆਰਥੀਆਂ ਨੂੰ ਪੁਨਰ ਵਾਚਨ ਕੌਸ਼ਲ ਕਰਵਾਇਆ ਜਾਵੇਗਾ।<br>➢ ਮੁੱਖ ਬਿੰਦੂਆਂ ਨੂੰ ਉਭਾਰਿਆ ਜਾਵੇਗਾ।<br>➢ ਪ੍ਰਸ਼ਨਾਂ ਦੇ ਉੱਤਰ ਲੱਭੇ ਜਾਣਗੇ। | ➢ ਅਧਿਆਪਕ ਵਿਦਿਆਰਥੀਆਂ ਨੂੰ ਸਬੰਧਿਤ ਪੈਰ੍ਹਾ ਉੱਚੀ ਉੱਚੀ ਪੜ੍ਹਣ ਲਈ ਕਹੇਗਾ।<br>➢ ਵਿਦਿਆਰਥੀਆਂ ਨੂੰ ਅਣਡਿੱਠਾ ਪੈਰ੍ਹਾ ਵਾਰ-ਵਾਰ ਪੜ੍ਹਨ ਲਈ ਕਹੇਗਾ।<br>ਅਧਿਆਪਕ ਪੈਰ੍ਹੇ ਵਿੱਚ ਆਏ ਮੁੱਖ ਨੁਕਤਿਆਂ ਨੂੰ | ➢ ਵਿਦਿਆਰਥੀ ਪੈਰ੍ਹਾਂ ਪੜ੍ਹ ਰਹੇ ਹਨ।<br>➢ ਵਿਦਿਆਰਥੀ ਵਾਰ-ਵਾਰ ਪੈਰ੍ਹਾ ਪੜ੍ਹਦੇ ਹਨ।<br>➢ ਵਿਦਿਆਰਥੀ ਮੁਖ ਨੁਕਤਿਆਂ ਨੂੰ ਸਮਝ ਰਹੇ ਹਨ।<br>➢ ਵਿਦਿਆਰਥੀ ਉੱਤਰ ਲਿਖਦੇ ਹਨ। |

| | | |
|---|---|---|
| | ਉਭਾਰੇਗਾ।<br>ਅਧਿਆਪਕ ਵਿਦਿਆਰਥੀਆਂ ਦੀ ਪ੍ਰਸ਼ਨਾਂ ਦੇ ਉੱਤਰ ਲੱਭਣ ਵਿਚ ਮਦਦ ਕਰੇਗਾ। | |

**ਸੰਖੇਪ ਦੁਹਰਾਈ :**

- ਵਿਦਿਆਰਥੀਆਂ ਵਿਚ ਕਿਸੇ ਪੈਰ੍ਹੇ/ਰਚਨਾ ਨੂੰ ਵਾਰ-ਵਾਰ ਪੜ੍ਹਨ ਉਪਰੰਤ ਉਹ ਸੂਝ ਉਤਪੰਨ ਹੋ ਜਾਂਦੀ ਹੈ, ਜਿਸ ਨਾਲ ਉਹ ਕਿਸੇ ਵੀ ਅਣਡਿੱਠੀ ਰਚਨਾ ਜਾਂ ਪੈਰ੍ਹੇ ਦੇ ਮੂਲ ਵਿਚਾਰਾਂ ਨੂੰ ਸਮਝ ਕੇ ਉਸਦਾ ਸਿਰਲੇਖ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਜਾਂਦੇ ਹਨ ਅਤੇ ਪ੍ਰੀਖਿਆ ਦੌਰਾਨ ਆਪਣਾ ਵਿਵੇਕ ਕਾਇਮ ਰੱਖ ਸਕਦੇ ਹਨ। ਇਸ ਤਰ੍ਹਾਂ ਉਹਨਾਂ ਨੂੰ ਅਣਡਿੱਠਾ ਪੈਰ੍ਹਾ ਹੱਲ ਕਰਨ ਦਾ ਕੌਸ਼ਲ ਸਮਝ ਆ ਗਿਆ ਹੈ।

**ਘਰ ਦਾ ਕੰਮ :**

1. ਕਿਸੇ ਵੀ ਅਣਡਿੱਠੇ ਪੈਰ੍ਹੇ ਨੂੰ ਵਾਰ-ਵਾਰ ਪੜ੍ਹ ਕੇ ਆਪਣੇ ਆਪ ਪ੍ਰਸ਼ਨ-ਉੱਤਰ ਦਾ ਨਿਰਮਾਣ ਕਰਨ ਸਬੰਧੀ ਇਕ ਕੰਮ ਸੌਂਪਣੀ/Assignment ਤਿਆਰ ਕਰੋ।
2. ਵਿਆਕਰਣ ਪੁਸਤਕ ਵਿਚ ਦਿੱਤੇ ਪਹਿਲੇ ਪੰਜ ਅਣਡਿੱਠੇ ਪੈਰ੍ਹੇ ਪੜ੍ਹ ਕੇ ਉਹਨਾਂ ਦੇ ਪ੍ਰਸ਼ਨ ਉੱਤਰ ਹੱਲ ਕਰੋ ਅਤੇ ਸਿਰਲੇਖ ਵੀ ਲਿਖੋ ।

# ਕਹਾਣੀ ਸਬੰਧੀ ਪਾਠ ਯੋਜਨਾ

ਵਿਸ਼ਾ – 'ਬਾਗ਼ਾਂ ਦਾ ਰਾਖਾ' ਜਮਾਤ : ਗਿਆਰ੍ਹਵੀਂ

**ਸਿੱਖਣ ਦੇ ਪ੍ਰਤੀਫਲ** :

- ਵਿਦਿਆਰਥੀਆਂ ਦੀ ਵਾਚਨ ਕੁਸ਼ਲਤਾ ਵਿਚ ਵਾਧਾ ਹੋਵੇਗਾ।
- ਵਿਦਿਆਰਥੀਆਂ ਦੀ ਜਿਗਿਆਸਾ ਤੇ ਕਲਪਨਾ ਸ਼ਕਤੀ ਵਿਚ ਵਾਧਾ ਹੋਵੇਗਾ।
- ਵਿਦਿਆਰਥੀਆਂ ਦਾ ਬੌਧਿਕ ਤੇ ਮਾਨਸਿਕ ਵਿਕਾਸ ਹੋਵੇਗਾ।
- ਵਿਦਿਆਰਥੀਆਂ ਵਿਚ ਪੜ੍ਹਨ ਕੌਸ਼ਲ ਦਾ ਵਿਕਾਸ ਕਰਨਾ।

**ਸਿੱਖਣ ਦੇ ਉਦੇਸ਼** :

- ਵਿਦਿਆਰਥੀ ਇਸ ਕਹਾਣੀ-ਵਾਚਨ ਰਾਹੀਂ ਸਮਾਜ ਵਿਚਲੇ ਆਰਥਿਕ ਅਤੇ ਸਮਾਜਿਕ ਪਾੜੇ ਨੂੰ ਸਮਝ ਸਕਣਗੇ।
- ਵਿਦਿਆਰਥੀਆਂ ਵਿਚ ਸਮਾਜਿਕ ਭਾਵਨਾ ਦਾ ਵਿਕਾਸ ਕਰਨਾ।
- ਵਿਦਿਆਰਥੀਆਂ ਵਿਚ ਲੋੜਵੰਦਾਂ ਪ੍ਰਤੀ ਸਹਿਯੋਗ ਤੇ ਹਮਦਰਦੀ ਦਾ ਵਿਕਾਸ ਹੋਵੇਗਾ।

**ਲੋੜੀਂਦੀ ਸਮੱਗਰੀ** :

ਪਾਠ ਪੁਸਤਕ 'ਕਥਾ ਕਹਾਣੀ' ਵਿਚ ਦਰਜ ਕਹਾਣੀ 'ਬਾਗਾਂ ਦਾ ਰਾਖਾ' ਕਹਾਣੀ ਵਾਚਨ ਲਈ ਸਬੰਧਿਤ ਜਮਾਤ ਦੀ ਪਾਠ ਪੁਸਤਕ, ਚਾਕ, ਬੋਰਡ, ਝਾੜਨ, ਸੰਕੇਤਕ, ਸਮਾਰਟ ਬੋਰਡ, ਪੈਨ ਡਰਾਈਵ ਤੇ ਕਹਾਣੀ ਦੀਆਂ ਘਟਨਾਵਾਂ ਨੂੰ ਪ੍ਰਦਰਸ਼ਿਤ ਕਰਦੇ ਕੁਝ ਫਲੈਸ਼ ਕਾਰਡ ਆਦਿ।

**ਅਨੁਮਾਨਿਤ ਪੂਰਵ ਗਿਆਨ** :

ਅਧਿਆਪਕ ਕੁਝ ਪ੍ਰਸ਼ਨ ਪੁੱਛ ਦੇ ਪੂਰਵ ਗਿਆਨ ਦੀ ਪਰਖ ਕਰੇਗਾ।

1. ਬੱਚਿਓ! ਕੀ ਤੁਸੀਂ ਕਦੇ ਕਿਸੇ ਬਾਗ ਵਿਚ ਰਾਖੀ ਕਰਨ ਵਾਲੇ ਨੌਕਰ ਬਾਰੇ ਸੁਣਿਆ ਹੈ?
2. ਰਾਖੇ ਦਾ ਕੀ ਕੰਮ ਹੁੰਦਾ ਹੈ?
3. ਰਾਖੇ ਨੂੰ ਕਿੰਨੀ ਤਨਖਾਹ ਮਿਲਦੀ ਹੈ?

**ਪੇਸ਼ਕਾਰੀ :**

| ਸਿੱਖਣ ਦੀ ਪ੍ਰਕਿਰਿਆ | ਜਮਾਤ ਵਿਚਲੀ ਗਤੀਵਿਧੀ | ਸਿੱਖਣ ਦੇ ਨਤੀਜੇ |
|---|---|---|
| ➢ ਕਹਾਣੀ ਪਾਠ ਦੀ ਤਰ੍ਹਾਂ ਪੜ੍ਹਾਉਣ ਦੀ ਬਜਾਏ ਰੌਚਕ ਢੰਗ ਨਾਲ ਬੋਲ ਕੇ ਸੁਣਾ ਕੇ ਪੜ੍ਹਾਈ ਜਾਵੇਗੀ।<br><br>➢ ਕਹਾਣੀ ਪਾਠ ਦੇ ਨਾਲ-ਨਾਲ ਕਹਾਣੀ ਦੇ ਪ੍ਰਸੰਗ ਵਿਚ ਆਉਂਦੇ ਉਤਰਾਅ-ਚੜ੍ਹਾਅ ਕਹਾਣੀ ਵਿਚ ਦਿਲਚਸਪੀ ਪੈਦਾ ਕਰਦੇ ਹਨ।<br><br>➢ ਅਧਿਆਪਕ ਵਿਦਿਆਰਥੀਆਂ ਨੂੰ ਕੁਝ ਫਲੈਸ਼ ਕਾਰਡ ਅਤੇ ਸਮਾਰਟ ਬੋਰਡ ਤੇ ਕਹਾਣੀ ਨਾਲ ਸਬੰਧਿਤ ਕੁਝ ਤਸਵੀਰਾਂ ਦਿਖਾਉਂਦਾ ਹੈ। | ➢ ਅਧਿਆਪਕ ਪਾਠ ਪੁਸਤਕ ਵਿਚੋਂ ਕਹਾਣੀ ਪੜ੍ਹ ਕੇ ਸੁਣਾਉਂਦਾ ਹੈ। ਕਹਾਣੀ ਵਿਚ ਰੋਚਕਤਾ ਨੂੰ ਬਣਾਈ ਰੱਖਣ ਲਈ ਅਧਿਆਪਕ ਕਲਪਿਤ ਘਟਨਾਵਾਂ ਤੇ ਕਹਾਣੀਆਂ ਵੀ ਸੁਣਾਉਂਦਾ ਹੈ।<br><br>➢ ਪਾਕਿਸਤਾਨੋਂ ਉਜੜ ਕੇ ਆਏ ਦਲਿਤ ਪਰਿਵਾਰ ਨਾਲ ਸਬੰਧਿਤ ਬਾਰੂ ਲਾਲੂ ਸ਼ਾਹ ਦੇ ਬਾਗ਼ਾ ਦੀ ਰਾਖੀ ਦਾ ਕੰਮ ਕਰਦਾ ਸੀ।......<br>ਇਕ ਦਿਨ ਜਦੋਂ ਉਹ ਬੁਖ਼ਾਰ ਨਾਲ ਲੰਮਾ ਪਿਆ ਸੀ... ਸ਼ਾਹ ਉਸਨੂੰ ਗਾਲ੍ਹਾਂ ਕੱਢ ਰਿਹਾ ਸੀ....<br>➢ ਬਾਰੂ ਨੂੰ ਅੱਜ ਫੇਰ ਰੋਟੀ | ➢ ਵਿਦਿਆਰਥੀ ਬੜੀ ਜਿਗਿਆਸਾ ਨਾਲ ਸੁਣ ਰਹੇ ਹਨ।<br><br>➢ ਵਿਦਿਆਰਥੀ ਬਾਰੂ ਦੀ ਆਰਥਿਕ ਸਥਿਤੀ ਬਾਰੇ ਅੰਦਾਜਾ ਲਗਾ ਰਹੇ ਹਨ।<br><br>➢ ਵਿਦਿਆਰਥੀਆਂ ਦੇ ਮਨਾਂ ਵਿਚ ਬਾਰੂ ਪ੍ਰਤੀ ਹਮਦਰਦੀ ਪੈਦਾ ਹੁੰਦੀ ਹੈ। ਉਹ ਬਾਰੂ ਅਤੇ ਲਾਲੂ ਸ਼ਾਹ ਬਾਰੇ ਆਲੋਚਨਾਤਮਕ ਢੰਗ ਨਾਲ ਸੋਚਦੇ ਹਨ।<br><br>➢ ਵਿਦਿਆਰਥੀ ਕਹਾਣੀ ਵਿਚ ਆਏ ਔਖੇ ਸ਼ਬਦਾਂ |

| | | |
|---|---|---|
| ➢ ਅਧਿਆਪਕ ਕਹਾਣੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਦੱਸਦਾ ਹੈ। | ਨਾ ਪਹੁੰਚੀ ਤੇ ਦੁਪਹਿਰੇ ਲੁਕਾਠਾਂ ਖਾਣ ਕਰਕੇ ਸ਼ਾਮੀਂ ਉਹ ਫਿਰ ਬੁਖ਼ਾਰ ਦਾ ਸ਼ਿਕਾਰ ਹੋ ਗਿਆ.... ਕਲਰਕ ਨੇ ਕਿਹਾ, ‘‘ਮੂਰਖ ਜਾ ਖਾ ਮੋਏ ਜਾਂ ਰੱਜ ਮੋਏ।’’ .... ਬਾਗ ਉੱਜੜ ਚੁੱਕਾ ਸੀ। ਅਸਲ ਡਾਕੂ ਬਾਰੇ ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਘਰ ਸੁੱਤਾ ਪਿਆ ਸੀ। | ਦੇ ਅਰਥ ਨੋਟ ਕਰਦੇ ਹਨ। |

**ਸੰਖੇਪ ਦੁਹਰਾਈ** :

‘ਬਾਗਾਂ ਦਾ ਰਾਖਾ’ ਕਹਾਣੀ ਗਰੀਬ ਕਾਮਿਆਂ/ਨੌਕਰਾਂ ਪ੍ਰਤੀ ਉਹਨਾਂ ਦੇ ਮਾਲਕਾਂ ਦੇ ਬੇਦਰਦੀ ਭਰੇ ਵਤੀਰੇ ਦੀ ਤਸਵੀਰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਆਰਥਿਕ ਨਾ ਬਰਾਬਰੀ ਦੇ ਸਿੱਟਿਆਂ ਬਾਰੇ ਜਾਣਕਾਰੀ ਮਿਲਦੀ ਹੈ। ਕਹਾਣੀ ਵਿਚ ਅਸਲੀ ਡਾਕੂ ਲਾਲੂ ਸ਼ਾਹ ਨੂੰ ਕਿਹਾ ਗਿਆ ਹੈ।

**ਘਰ ਦਾ ਕੰਮ** :

‘ਬਾਗਾਂ ਦਾ ਰਾਖਾ’ ਕਹਾਣੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਅਤੇ ਪ੍ਰਸ਼ਨ-ਉੱਤਰ ਸੁੰਦਰ ਲਿਖਾਈ ਵਿਚ ਕਾਪੀਆਂ ’ਤੇ ਲਿਖੋ ਅਤੇ ਕਹਾਣੀ ਵਿਚੋਂ ਦੱਸ ਛੋਟੇ ਪ੍ਰਸ਼ਨ ਉੱਤਰ ਆਪਣੇ ਆਪ ਬਣਾ ਕੇ ਲਿਖੋ।

# ਕਵਿਤਾ ਸਬੰਧੀ ਪਾਠ ਯੋਜਨਾ

**ਵਿਸ਼ਾ** : **ਕ੍ਰਿਸ਼ਨ ਜੀ (ਕਵਿਤਾ)** **ਜਮਾਤ** : ਬਾਰ੍ਹਵੀਂ

**ਸਿੱਖਣ ਦੇ ਪ੍ਰਤੀਫਲ**

- ਵਿਦਿਆਰਥੀ ਕਵਿਤਾ ਦੇ ਸੁਹਜਮਈ ਆਭਾ ਮੰਡਲ ਵਿੱਚ ਪ੍ਰਵੇਸ਼ ਕਰਕੇ ਪ੍ਰਕਿਰਤੀ ਅਤੇ ਮਾਨਵੀ ਅਲੌਕਿਕਤਾ ਦੇ ਸੁਮੇਲ ਵਿੱਚੋਂ ਉਪਜੇ ਰਾਗ ਅਤੇ ਆਨੰਦ ਦੇ ਅਹਿਸਾਸ ਪ੍ਰਤੀ ਸੰਵੇਦਨਸ਼ੀਲ ਬਣਨਗੇ
- ਵਿਦਿਆਰਥੀ ਕਾਵਿ ਸੌਂਦਰਯ ਦੇ ਪ੍ਰਤੀ ਸੁਚੇਤ ਹੋਣਗੇ
- ਵਿਦਿਆਰਥੀਆਂ ਨੂੰ ਦਾਰਸ਼ਨਿਕ ਵਿਚਾਰਾਂ ਦੀ ਕੋਮਲਤਾ ਅਤੇ ਸਰਲਤਾ ਦੇ ਪਰਿਵੇਸ਼ ਦੀ ਵੀ ਜਾਣਕਾਰੀ ਹੋਵੇਗੀ।

**ਸਿੱਖਣ ਦੇ ਉਦੇਸ਼**

- ਸਿਰਜਨਾਤਮਕਤਾ ਦਾ ਵਿਕਾਸ ਕਰਨਾ
- ਭਾਵਾਂ ਅਤੇ ਜਜ਼ਬਾਤਾਂ ਨੂੰ ਕਵਿਤਾ ਰਾਹੀਂ ਪੇਸ਼ ਕਰਨ ਲਈ ਪ੍ਰੇਰਿਤ ਕਰਨਾ।
- ਜੀਵਨ ਵਿਚ ਸੁਹਜ ਅਤੇ ਸੌਂਦਰਯ ਦੇ ਸੰਦਰਭ ਨੂੰ ਸਮਝਣਾ ਪ੍ਰਕਿਰਤੀ ਸੌਂਦਰਯ ਅਤੇ ਵਾਤਾਵਰਨ ਹਿਤੈਸ਼ੀ ਭਾਵਾਂ ਨੂੰ ਉਤੇਜਿਤ ਕਰਨਾ।

**ਲੋੜੀਂਦੀ ਸਮੱਗਰੀ**

ਪਾਠ ਪੁਸਤਕ ਕਾਵਿ-ਕੀਰਤੀ ਵਿਚੋਂ ਕਵਿਤਾ ਕ੍ਰਿਸ਼ਨ ਜੀ ਦੇ ਨਾਲ ਜੁੜੇ ਹੋਏ ਇਤਿਹਾਸਿਕ ਤੱਥਾਂ ਅਤੇ ਕਹਾਣੀਆਂ ਦਾ ਵਿਭਿੰਨ ਪੁਸਤਕਾਂ, ਅਖਬਾਰਾਂ, ਰਸਾਲਿਆਂ, ਵੈੱਬਸਾਈਟਾਂ ਅਤੇ ਡਿਜੀਟਲ ਬੋਰਡ ਦੀ ਮਦਦ ਨਾਲ ਇਕੱਤਰੀਕਰਨ। ਝਾੜਨ, ਬੋਰਡ ਸੰਕੇਤਕ, ਸਮਾਰਟ ਬੋਰਡ ਪੈਨ ਡਰਾਈਵ ।

**ਅਨੁਮਾਨਿਤ ਪੂਰਵ ਗਿਆਨ**

ਅਧਿਆਪਕ ਵਿਦਿਆਰਥੀਆਂ ਨੂੰ ਕੁਝ ਪ੍ਰਸ਼ਨ ਪੁੱਛ ਕੇ ਪੂਰਵ ਗਿਆਨ ਦੀ ਪਰਖ ਕਰੇਗਾ ਜਿਵੇਂ ਤੁਸੀਂ ਕ੍ਰਿਸ਼ਨ ਜੀ ਬਾਰੇ ਕੀ ਜਾਣਦੇ ਹੋ? ਜਮਨਾ ਨਦੀ ਕਿੱਥੇ ਹੈ? ਕ੍ਰਿਸ਼ਨ ਜੀ ਦੇ ਅਧਿਆਤਮਕ ਸਰੋਕਾਰ ਬਾਰੇ ਤੁਸੀਂ ਕੀ ਜਾਣਦੇ ਹੋ? ਪਿਛਲੀ ਵਾਰ ਤੁਸੀਂ ਪ੍ਰਕਿਰਤੀ ਸੌਂਦਰਯ ਨੂੰ ਕਦੋਂ ਅਨੁਭਵ ਕੀਤਾ?

| ਸਿੱਖਣ ਦੀ ਪ੍ਰਕਿਰਿਆ ਅਤੇ ਰਣਨੀਤੀ | ਜਮਾਤ ਵਿਚਲੀ ਗਤੀਵਿਧੀ | ਸਿੱਖਣ ਦੇ ਨਤੀਜੇ |
|---|---|---|
| ➢ ਅਧਿਆਪਕ ਵੱਲੋਂ ਕੀਤੀ ਵਿਦਿਆਰਥੀਆਂ ਦੀ ਸਮੂਹ ਵੰਡ ਅਨੁਸਾਰ ਸਮੂਹਾਂ ਵਿੱਚ ਕਵਿਤਾ ਪਾਠ ਕੀਤਾ ਜਾਵੇਗਾ ਅਧਿਆਪਕ ਵਿਦਿਆਰਥੀਆਂ ਨੂੰ ਵਾਰਡ ਬੋਰਡ ਦੀ ਮਦਦ ਨਾਲ ਕ੍ਰਿਸ਼ਨ ਜੀ ਨਾਲ ਸਬੰਧਿਤ | ➢ ਅਧਿਆਪਕ ਬਲੈਕ ਬੋਰਡ ਤੇ ਚਾਕ ਨਾਲ ਕਵਿਤਾ ਅਤੇ ਕਵੀ ਦਾ ਨਾਮ ਕ੍ਰਿਸ਼ਨ ਜੀ ਪ੍ਰੋਫ਼ੈਸਰ ਪੂਰਨ ਸਿੰਘ ਲਿਖੇਗਾ। ਅਧਿਆਪਕ ਕਵਿਤਾ ਦੇ ਅਰਥ ਸਮਝਾਉਂਦਾ ਹੈ। ਵਿਦਿਆਰਥੀਆਂ ਨੂੰ ਸਾਊਂਡ | ➢ ਵਿਦਿਆਰਥੀ ਕੋਮਲ ਕਲਾਵਾਂ ਅਤੇ ਜੀਵਨ ਦੇ ਸੌਂਦਰਯ ਪ੍ਰਤੀ ਸੰਵੇਦਨਸ਼ੀਲ ਹੋਣਗੇ। ਵਿਦਿਆਰਥੀ ਸੁਣ ਰਹੇ ਹਨ ਅਤੇ ਸਮਾਰਟ ਬੋਰਡ ਤੇ ਕਵਿਤਾ ਨਾਲ ਸਬੰਧਤ ਤਸਵੀਰਾਂ ਨੂੰ ਉਤਸੁਕਤਾ ਪੂਰਵਕ ਦੇਖ ਰਹੇ |

| | | |
|---|---|---|
| ਕੁਝ ਤਸਵੀਰਾਂ ਦਿਖਾਏਗਾ। ਯਮਨਾ ਨਦੀ ਅਤੇ ਹਰਿਆ ਭਰਿਆ ਵਾਤਾਵਰਨ ਕਵਿਤਾ ਵਿਚਲੇ ਸੋਹਜ ਨੂੰ ਸ਼ਾਬਦਿਕ ਚਿੱਤਰਾ ਅਤੇ ਉਦਾਹਾਰਨ ਰਾਹੀਂ ਪੇਸ਼ ਕਰਨ ਦਾ ਉਪਰਾਲਾ ਕਰੇਗਾ।<br>➢ ਅਧਿਆਪਕ ਪ੍ਰਸ਼ਨ ਉੱਤਰੀ ਵਿਧੀ ਰਾਹੀਂ ਵਿਦਿਆਰਥੀਆਂ ਦੇ ਅਨੁਭਵ ਇਕੱਤਰ ਕਰਨ ਦਾ। ਉਪਰਾਲਾ ਕਰੇਗਾ | ਸਪੀਕਰ ਦੀ ਮਦਦ ਨਾਲ ਬਾਂਸੁਰੀ ਦੀ ਧੁਨੀ ਸੁਣਾਈ ਗਈ।<br>➢ ਅਧਿਆਪਕ ਵਿਦਿਆਰਥੀਆਂ ਨੂੰ ਕਵਿਤਾ ਦੀ ਵਿਆਖਿਆ ਕਰਕੇ ਸਮਝਾਏਗਾ।<br>➢ ਅਧਿਆਪਕ ਕਵਿਤਾ ਦੇ ਪਾਠ ਦੌਰਾਨ ਵਿਚੋਂ-ਵਿਚੋਂ ਕਵਿਤਾ ਨਾਲ ਸਬੰਧਿਤ ਪ੍ਰਸ਼ਨ ਵੀ ਪੁੱਛਦਾ ਰਹੇਗਾ<br>➢ ਅਧਿਆਪਕ ਕਵਿਤਾ ਵਿਚਲੇ ਪ੍ਰਕਿਰਤ ਸੁੰਦਰਤਾ ਦਾ ਸ਼ਬਦੀ-ਚਿੱਤਰ ਪੇਸ਼ ਕਰਨ ਲਈ ਕੁਝ ਉਦਾਹਰਨਾਂ ਦੇਵੇਗਾ। | ਹਨ। ਵਿਦਿਆਰਥੀ ਜਵਾਬ ਦਿੰਦੇ ਹਨ। ਕਵਿਤਾ ਪਾਠ ਦੇ ਸਹਿਜ ਅਤੇ ਸ਼ਾਂਤਮਈ ਪ੍ਰਭਾਵ ਅਧੀਨ ਵਿਦਿਆਰਥੀ ਇਕਾਗਰਤਾ ਤੇ ਧਿਆਨ ਮੁਦ੍ਰਾ ਦੇ ਅਨੁਭਵ ਨੂੰ ਗ੍ਰਹਿਣ ਕਰਨ ਦੇ ਯੋਗ ਹੋਣਗੇ। |

**ਸੰਖੇਪ ਦੁਹਰਾਈ**

ਵਿਦਿਆਰਥੀ ਇਸ ਕਵਿਤਾ ਪਾਠ ਦੇ ਅਧਾਰ ਤੇ ਪ੍ਰਕਿਰਤੀ ਸੌਂਦਰਯ ਅਧਾਰਿਤ ਨਵੀਂ ਕਵਿਤਾ ਦੀਆਂ ਕੁਝ ਕਾਵਿ ਸਤਰਾਂ ਦੀ ਸਿਰਜਣਾ ਕਰਨਾ ਅਤੇ ਪ੍ਰਕਿਰਤੀ ਦੀ ਰੱਖਿਆ ਲਈ ਸਾਰਥਕ ਉਪਰਾਲੇ ਕਰਨ।

**ਘਰ ਦਾ ਕੰਮ**

ਵਿਦਿਆਰਥੀ ਕੁਝ ਪ੍ਰਸ਼ਨ ਹੱਲ ਕਰਨਗੇ।

ਕਵਿਤਾ ਦਾ ਪ੍ਰਭਾਵ ਅਧਿਆਤਮਕ ਹੈ ਜਾਂ ਦਾਰਸ਼ਨਿਕ ਹੈ? ਇਸ ਕਵਿਤਾ ਵਿਚਲਾ ਸੌਂਦਰਯ ਪ੍ਰਭਾਵ ਮਨੁੱਖ ਨੂੰ ਸਹਿਜ ਹੋਣ ਲਈ ਪ੍ਰੇਰਿਤ ਕਰਦਾ ਹੈ ਜਾਂ ਨਹੀਂ? ਕਵਿਤਾ ਅਧਿਆਤਮਕ ਰਹੱਸ ਨੂੰ ਖੋਲ੍ਹਦੀ ਪ੍ਰਤੀਤ ਹੁੰਦੀ ਹੈ ਜਾਂ ਕੁਦਰਤ ਦੇ ਰਹੱਸ ਨੂੰ?